# State Visit of President of Egypt to India (January 24-26, 2023)

January 21, 2023

................

## ਮਿਸਰ ਦੇ ਰਾਸ਼ਟਰਪਤੀ ਵੱਲੋਂ ਭਾਰਤ ਦੀ ਅਧਿਕਾਰਿਤ ਫੇਰੀ (24-26 ਜਨਵਰੀ, 2023)

## 21 ਜਨਵਰੀ, 2023

1. ਮਿਸਰ ਅਰਬ ਗਣਰਾਜ ਦੇ ਰਾਸ਼ਟਰਪਤੀ ਮਹਾਮਾਹਿਮ ਸ਼੍ਰੀ ਅਬਦੇਲ ਫਤਾਹ ਅਲ-ਸੀਸੀ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਸੱਦੇ 'ਤੇ 24-26 ਜਨਵਰੀ, 2023 ਤੱਕ ਭਾਰਤ ਦਾ ਰਾਜਕੀ ਦੌਰਾ ਕਰਨਗੇ। ਰਾਸ਼ਟਰਪਤੀ ਸਿਸੀ, ਜੋ ਭਾਰਤ ਦੇ ਆਪਣੇ ਦੂਜੇ ਰਾਜ ਦੌਰੇ 'ਤੇ ਆਉਣਗੇ, ਭਾਰਤ ਦੇ 74ਵੇਂ ਗਣਤੰਤਰ ਦਿਵਸ 'ਤੇ ਮੁੱਖ ਮਹਿਮਾਨ ਵੀ ਹੋਣਗੇ। ਰਾਸ਼ਟਰਪਤੀ ਸਿਸੀ ਨਾਲ ਪੰਜ ਮੰਤਰੀਆਂ ਅਤੇ ਸੀਨੀਅਰ ਅਧਿਕਾਰੀਆਂ ਸਮੇਤ ਉੱਚ ਪੱਧਰੀ ਵਫ਼ਦ ਵੀ ਹੋਵੇਗਾ। ਉਹ 24 ਜਨਵਰੀ, 2023 ਨੂੰ ਨਵੀਂ ਦਿੱਲੀ ਪਹੁੰਚਣਗੇ।

2. ਰਾਸ਼ਟਰਪਤੀ ਸਿਸੀ ਪਹਿਲਾਂ ਅਕਤੂਬਰ, 2015 ਵਿੱਚ ਤੀਜੇ ਇੰਡੀਆ ਅਫਰੀਕਾ ਫੋਰਮ ਸੰਮੇਲਨ ਵਿੱਚ ਹਿੱਸਾ ਲੈਣ ਲਈ ਅਤੇ ਸਤੰਬਰ, 2016 ਵਿੱਚ ਅਧਿਕਾਰਿਤ ਦੌਰੇ 'ਤੇ ਭਾਰਤ ਆਏ ਸਨ। ਇਹ ਪਹਿਲੀ ਵਾਰ ਹੈ ਜਦੋਂ ਮਿਸਰ ਅਰਬ ਗਣਰਾਜ ਦੇ ਰਾਸ਼ਟਰਪਤੀ ਨੂੰ ਸਾਡੇ ਗਣਤੰਤਰ ਦਿਵਸ 'ਤੇ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ ਹੈ। ਗਣਤੰਤਰ ਦਿਵਸ ਪਰੇਡ ਵਿੱਚ ਮਿਸਰ ਦੀ ਫੌਜ ਦੀ ਇੱਕ ਟੁਕੜੀ ਵੀ ਹਿੱਸਾ ਲਵੇਗੀ।

3. ਭਾਰਤ ਅਤੇ ਮਿਸਰ ਇਸ ਸਾਲ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 75 ਸਾਲਾ ਜਸ਼ਨ ਮਨਾ ਰਹੇ ਹਨ। 2022-23 ਵਿੱਚ ਭਾਰਤ ਦੀ ਜੀ-20 ਦੀ ਪ੍ਰਧਾਨਗੀ ਦੌਰਾਨ ਮਿਸਰ ਨੂੰ ਵੀ 'ਮਹਿਮਾਨ ਦੇਸ਼' ਵਜੋਂ ਸੱਦਾ ਦਿੱਤਾ ਗਿਆ ਹੈ।

4. ਰਾਸ਼ਟਰਪਤੀ ਸਿਸੀ ਦਾ 25 ਜਨਵਰੀ, 2023 ਨੂੰ ਰਾਸ਼ਟਰਪਤੀ ਭਵਨ ਵਿਖੇ ਰਸਮੀ ਸੁਆਗਤ ਕੀਤਾ ਜਾਵੇਗਾ ਅਤੇ ਰਾਸ਼ਟਰਪਤੀ ਸ੍ਰੀਮਤੀ ਡਾ. ਦ੍ਰੋਪਦੀ ਮੁਰਮੂ ਉਸੇ ਸ਼ਾਮ ਨੂੰ ਆਏ ਹੋਏ ਪਤਵੰਤਿਆਂ ਦੇ ਸਨਮਾਨ ਵਿੱਚ ਸਰਕਾਰੀ ਦਾਅਵਤ ਦੇਣਗੇ। ਰਾਸ਼ਟਰਪਤੀ ਸਿਸੀ ਆਪਸੀ ਹਿੱਤਾਂ ਦੇ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਪ੍ਰਧਾਨ ਮੰਤਰੀ ਨਾਲ ਦੁਵੱਲੀ ਮੀਟਿੰਗ ਅਤੇ ਵਫ਼ਦ ਪੱਧਰੀ ਗੱਲਬਾਤ ਕਰਨਗੇ। ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਰਾਸ਼ਟਰਪਤੀ ਸਿਸੀ ਨਾਲ ਮੁਲਾਕਾਤ ਕਰਨਗੇ। ਦੌਰੇ 'ਤੇ ਆਏ ਪਤਵੰਤੇ ਉਸੇ ਦਿਨ ਹੋਣ ਵਾਲੇ ਵਪਾਰਕ ਸਮਾਗਮ ਵਿਚ ਭਾਰਤੀ ਵਪਾਰਕ ਭਾਈਚਾਰੇ ਨਾਲ ਵੀ ਗੱਲਬਾਤ ਕਰਨਗੇ।

5. ਭਾਰਤ ਅਤੇ ਮਿਸਰ ਦੇ ਸਭਿਅਤਾ, ਸੱਭਿਆਚਾਰਕ ਅਤੇ ਆਰਥਿਕ ਸਬੰਧਾਂ ਅਤੇ ਡੂੰਘੇ ਲੋਕ ਪੱਧਰੀ ਸਬੰਧਾਂ ਦੁਆਰਾ ਚਿੰਨ੍ਹਿਤ ਨਿੱਘੇ ਅਤੇ ਦੋਸਤਾਨਾ ਸਬੰਧ ਹਨ। ਇਹ ਬਹੁਪੱਖੀ ਸਬੰਧ ਸਾਂਝੇ ਸੱਭਿਆਚਾਰਕ ਮੁੱਲਾਂ, ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ, ਰੱਖਿਆ ਅਤੇ ਸੁਰੱਖਿਆ ਦੇ ਖੇਤਰਾਂ ਵਿੱਚ ਸਹਿਯੋਗ ਅਤੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਇੱਕਸੁਰਤਾ 'ਤੇ ਆਧਾਰਿਤ ਹਨ। ਦੋਵੇਂ ਦੇਸ਼ ਬਹੁਪੱਖੀ ਅਤੇ ਅੰਤਰਰਾਸ਼ਟਰੀ ਪਲੇਟਫਾਰਮਾਂ 'ਤੇ ਮਿਲ ਕੇ ਕੰਮ ਕਰਦੇ ਹਨ।

6. ਭਾਰਤ ਅਤੇ ਮਿਸਰ ਵਿਚਕਾਰ ਦੁਵੱਲਾ ਵਪਾਰ ਵਿੱਤੀ ਸਾਲ 2021-22 ਵਿੱਚ 7.26 ਅਰਬ ਡਾਲਰ ਦੇ ਰਿਕਾਰਡ ਉੱਚ ਪੱਧਰ' ਤੇ ਪਹੁੰਚ ਗਿਆ। ਮਿਸਰ ਨੂੰ ਹੋਏ 3.74 ਅਰਬ ਡਾਲਰ ਦੇ ਭਾਰਤੀ ਨਿਰਯਾਤ ਅਤੇ ਮਿਸਰ ਤੋਂ ਭਾਰਤ ਨੂੰ ਹੋਈ 3.52 ਅਰਬ ਡਾਲਰ ਦੀ ਦਰਾਮਦ ਸਦਕਾ ਵਪਾਰ ਕਾਫ਼ੀ ਸੰਤੁਲਿਤ ਰਿਹਾ। 50 ਤੋਂ ਵੱਧ ਭਾਰਤੀ ਕੰਪਨੀਆਂ ਨੇ ਮਿਸਰ ਦੀ ਅਰਥਵਿਵਸਥਾ ਦੇ ਵੱਖੋ ਵੱਖ ਖੇਤਰਾਂ ਵਿੱਚ ਲਗਭਗ 3.15 ਅਰਬ ਡਾਲਰ ਦਾ ਨਿਵੇਸ਼ ਕੀਤਾ ਹੈ, ਜਿਨ੍ਹਾਂ ਵਿੱਚ ਰਸਾਇਣ, ਊਰਜਾ, ਕਪੜਾ, ਗਾਰਮੈਂਟ, ਖੇਤੀ-ਕਾਰੋਬਾਰ, ਪਰਚੂਨ ਆਦਿ ਸ਼ਾਮਲ ਹਨ।

7. ਰਾਸ਼ਟਰਪਤੀ ਸਿਸੀ ਦੀ ਆਉਣ ਵਾਲੀ ਫੇਰੀ ਨਾਲ ਭਾਰਤ ਅਤੇ ਮਿਸਰ ਦਰਮਿਆਨ ਚੱਲ ਰਹੀ ਪੁਰਾਣੀ ਸਾਂਝੇਦਾਰੀ ਨੂੰ ਹੋਰ ਮਜ਼ਬੂਤੀ ਅਤੇ ਡੂੰਘਾਈ ਮਿਲਣ ਦੀ ਉਮੀਦ ਹੈ।

ਨਵੀਂ ਦਿੱਲੀ

21 ਜਨਵਰੀ, 2023

DISCLAIMER: This is an approximate translation. The original is available in English on MEA's website and may be referred to as the official press release.